# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8 ਐਸ.ਏ.ਐਸ. ਨਗਰ (ਪੰਜਾਬ)
ਫੋਨ ਨੰ. 0172-5212340, ਈ-ਮੇਲ: adminpunjab@punjabeducation.gov.in

ਹੁਕਮ ਨੰ. ਐਸ.ਐਸ.ਏ./2019/ਐਡਮਨ/30120 ਮਿਤੀ 24-01-2019

## ਦਫਤਰੀ ਹੁਕਮ

ਦਫਤਰੀ ਹੁਕਮ ਨੰ. ਐਸ.ਐਸ.ਏ./2018/ਐਡਮਨ/16931 ਮਿਤੀ 14-01-2019 ਰਾਹੀਂ ਸ਼੍ਰੀ ਭਰਤ ਕੁਮਾਰ, ਦਫਤਰੀ ਹੁਕਮ ਨੰ. ਐਸ.ਐਸ.ਏ./2018/ਐਡਮਨ/16958 ਰਾਹੀਂ ਸ਼੍ਰੀ ਹਰਦੀਪ ਸਿੰਘ, ਦਫਤਰੀ ਹੁਕਮ ਨੰ. ਐਸ.ਐਸ.ਏ./2018/ਐਡਮਨ/16977 ਰਾਹੀਂ ਸ਼੍ਰੀ ਦਿਦਾਰ ਸਿੰਘ, ਦਫਤਰੀ ਹੁਕਮ ਨੰ. ਐਸ.ਐਸ.ਏ./2018/ਐਡਮਨ/16961 ਰਾਹੀਂ ਸ਼੍ਰੀ ਹਰਵਿੰਦਰ ਸਿੰਘ, ਦਫਤਰੀ ਹੁਕਮ ਨੰ. ਰਮਸਅ./2018/ਐਡਮਨ/16970 ਰਾਹੀਂ ਸ਼੍ਰੀ ਹਰਜੀਤ ਸਿੰਘ ਦੀਆਂ ਸੇਵਾਵਾਂ ਨੂੰ ਸਕੂਲ ਤੋਂ ਛੁੱਟੀ ਲੈ ਕੇ ਧਰਨਿਆਂ ਵਿੱਚ ਸ਼ਾਮਲ ਹੋ ਕੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਕਰਨ ਕਾਰਨ ਸੇਵਾਵਾਂ ਸਮਾਪਤ ਕਰ ਦਿੱਤੀਆਂ ਗਈਆਂ ਸਨ।

ਮਿਤੀ 24-01-2019 ਮਾਣਯੋਗ ਸਿੱਖਿਆ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਵਿੱਚ ਵੱਖ ਵੱਖ ਅਧਿਆਪਕ ਜੱਥੇਬੰਦੀਆਂ ਦੀ ਹੋਈ ਮੀਟਿੰਗ ਵਿੱਚ ਜੱਥੇਬੰਦੀਆਂ ਵੱਲੋਂ ਅਪੀਲ ਕੀਤੀ ਗਈ ਕਿ ਇਨ੍ਹਾਂ ਮੁਲਾਜ਼ਮਾ ਵੱਲੋਂ ਸਰਵ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਦੇ ਅਧਿਆਪਕਾਂ ਨੂੰ ਘੱਟ ਤਨਖਾਹ ਤੇ ਰੈਗੂਲਰਾਈਜ ਕਰਨ ਦੇ ਫੈਸਲੇ ਦੇ ਖਿਲਾਫ ਆਪਣਾ ਰੋਸ ਪ੍ਰਗਟਾਇਆ ਜਾ ਰਿਹਾ ਸੀ ਅਤੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਕਰਨ ਦਾ ਉਹਨਾਂ ਦਾ ਕੋਈ ਇਰਾਦਾ ਨਹੀਂ ਸੀ। ਵਿਭਾਗ ਵੱਲੋਂ ਇਨ੍ਹਾਂ ਦੀਆਂ ਸੇਵਾਵਾਂ ਖਤਮ ਕਰਨ ਕਾਰਨ ਇਨ੍ਹਾਂ ਦਾ ਨਾ ਪੂਰਨਯੋਗ ਨੁਕਸਾਨ ਹੋਇਆ ਹੈ ਅਤੇ ਇਨ੍ਹਾਂ ਦਾ ਕੇਸ ਮੁੜ ਤੋਂ ਹਮਦਰਦੀ ਨਾਲ ਵਿਚਾਰਿਆ ਜਾਵੇ। ਜਿਸ ਦੇ ਜੁਆਬ ਵਿੱਚ ਮਾ. ਸਿੱਖਿਆ ਮੰਤਰੀ ਜੀ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਇਸ ਮਾਮਲੇ ਨੂੰ ਮੁੜ ਤੋਂ Disciplinary Authority ਵੱਲੋਂ ਰੀਵਿਊ ਕੀਤਾ ਜਾਵੇਗਾ।

ਉਕਤ ਹੁਕਮਾਂ ਦੀ ਪਾਲਣਾ ਕਰਦੇ ਹੋਏ ਮਾਮਲੇ ਨੂੰ ਮੁੜ ਤੋਂ ਘੋਖਿਆ ਗਿਆ ਕਾਰਨ ਦੱਸੋਂ ਨੋਟਿਸ ਦੇ ਜੁਆਬ ਵਿੱਚ ਅਤੇ ਨਿੱਜੀ ਸੁਣਵਾਈ ਦੌਰਾਨ ਕਰਮਚਾਰੀਆਂ ਵੱਲੋਂ ਦਿੱਤੇ ਗਏ ਬਿਆਨ ਕਿ ਉਹ ਧਰਨੇ ਵਿੱਚ ਸ਼ਾਮਲ ਹੋ ਕੇ ਆਪਣਾ ਰੋਸ ਪ੍ਰਗਟ ਕਰ ਰਹੇ ਸਨ ਅਤੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਕਰਨ ਦਾ ਉਹਨਾਂ ਦਾ ਕੋਈ ਇਰਾਦਾ ਨਹੀਂ ਸੀ। ਇਨ੍ਹਾਂ ਕਰਮਚਾਰੀਆਂ ਦਾ ਪੁਰਾਣਾ ਰਿਕਾਰਡ ਘੋਖਣ ਉਪਰੰਤ

Scanned with CamScanner

ਦਫਤਰੀ ਰਿਕਾਰਡ ਵਿੱਚ ਉਨ੍ਹਾਂ ਦੇ ਖਿਲਾਫ ਕੋਈ ਵੀ ਉਣਤਾਈ ਨਹੀਂ ਪਾਈ ਗਈ। ਇਸ ਲਈ ਉਕਤ ਕੇਸ ਨੂੰ ਮੁੜ ਹਮਦਰਦੀ ਨਾਲ ਵਿਚਾਰਦੇ ਹੋਏ, ਇਨ੍ਹਾਂ ਨੂੰ ਇੱਕ ਹੋਰ ਮੌਕਾ ਦਿੱਤਾ ਜਾਣਾ ਬਣਦਾ ਹੈ।

ਸਮੁੱਚੇ ਮਾਮਲੇ ਨੂੰ ਘੋਖਣ ਅਤੇ ਪੁਨਰ ਵਿਚਾਰ ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਉਕਤ ਜਾਰੀ ਕੀਤੇ ਹੁਕਮ ਵਾਪਿਸ ਲਏ ਜਾਂਦੇ ਹਨ ਅਤੇ ਇਨ੍ਹਾਂ ਅਧਿਆਪਕਾਂ ਨੂੰ ਮਿਤੀ 14-01-2019 ਤੋਂ ਮੁੜ ਪੁਰਾਣੀਆਂ ਸ਼ਰਤਾਂ ਅਤੇ ਬਾਨਾਂ ਤੇ ਬਹਾਲ ਕੀਤਾ ਜਾਂਦਾ ਹੈ। ਮਿਤੀ 14-01-2019 ਤੋਂ ਲੈ ਕੇ ਇਹ ਹੁਕਮ ਜਾਰੀ ਹੋਣ ਤੱਕ, ਦਾ ਸਮਾਂ ਬਣਦੀ ਛੁੱਟੀ ਵਜੋਂ ਟਰੀਟ ਕੀਤਾ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

ਪਿੱਠ ਅੰਕਣ ਨੰ. ਐਸ.ਐਸ.ਏ./2019/ਐਡਮਨ/ਉਕਤ ਮਿਤੀ 24-01-2019

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਨਿੱਜੀ ਸਕੱਤਰ ਟੂ ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
3. ਡੀ.ਪੀ.ਆਈ. (ਸੈ.ਸਿ.), ਪੰਜਾਬ।
4. ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
5. ਸਬੰਧਤ ਪ੍ਰਿੰਸੀਪਲ/ਸਕੂਲ ਮੁੱਖੀ।
6. ਸਬੰਧਤ ਕਰਮਚਾਰੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

Scanned with CamScanner